ਸੋਹੰ ਹਰਿ ਸੋਹੰ

ਸ2



ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

# ਨਾਮ ਤੇਰੇ ਕੀ ਜੋਤਿ ਲਗਾਈ

ਟਰੈਕਟ ਨੰਬਰ 2


ਪਹਿਲੀ ਵਾਰ : 4000, ਫਰਵਰੀ, 1998

ਕੀਮਤ—ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ

ਪਿੰਡ ਤੇ ਡਾਕ: ਬਿਨਪਾਲਕੇ, ਜ਼ਿਲ੍ਹਾ ਜਲੰਧਰ-144 201

# ਸ਼ਲਾਘਾਯੋਗ ਉੱਦਮ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ ਬਿਨਪਾਲਕੇ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਇਹ ਪੈਂਫਲਿਟ ਲੜੀ ਸ਼ੁਰੂ ਕੀਤੀ ਗਈ ਹੈ। ਪਹਿਲਾ ਪੈਂਫਲਿਟ 1997 ਵਿਚ 'ਨੀਚ ਰੂਖ ਤੇ ਊਚ ਭਏ ਹੈਂ' ਛਾਪ ਕੇ ਗੁਰੂ ਨਾਮ-ਲੇਵਾ ਸੰਗਤ ਵਿਚ ਵੰਡੇ ਗਏ ਸਨ। 'ਨਾਮ ਤੇਰੇ ਕੀ ਜੋਤਿ ਲਗਾਈ' ਪੈਂਫਲਿਟ ਨੰਬਰ-2 ਸੁਸਾਇਟੀ ਦਾ ਦੂਸਰਾ ਉੱਦਮ ਹੈ।

ਇਸ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਸੰਖੇਪ ਜੀਵਨੀ, ਮੂਰਤੀ ਪੂਜਾ ਅਤੇ ਸ੍ਰੀ ਗੁਰੂ ਰਵਿਦਾਸ ਜੀ, ਬੇ-ਕਦਰੇ, ਕੀ ਗੁਰੂ ਰਵਿਦਾਸ ਜੀ ਨੇ ਸਾਡੀ ਕੌਮ ਨੂੰ ਕੋਈ ਸਰਾਪ ਦਿੱਤਾ ਹੈ ? ਮਹਾਂਵਿਦਵਾਨ ਬਾਪ ਦੀ ਅਨਪੜ੍ਹ ਔਲਾਦ ਆਦਿ ਸਿਰਲੇਖਾਂ ਹੇਠ ਸੁੰਦਰ ਅਤੇ ਉੱਤਮ ਵਿਚਾਰ ਸਾਧ-ਸੰਗਤ ਦੀ ਨਜ਼ਰ ਕੀਤੇ ਹਨ।

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ ਬਿਨਪਾਲਕੇ ਦਾ ਇਹ ਉੱਦਮ ਅਤਿ ਸ਼ਲਾਘਾਯੋਗ ਹੈ। ਦਲਿਤ ਕੌਮ ਦਾ ਵੱਖ-ਵੱਖ ਧਰਮ ਅਕੀਦਿਆਂ ਵਿਚ ਵੰਡੇ ਹੋਣ ਦਾ ਮੁੱਖ ਕਾਰਨ ਸਾਡੇ ਅਜੋਕੇ ਧਾਰਮਿਕ ਆਗੂਆਂ ਦੀ ਯੋਗ ਅਗਵਾਈ ਦੀ ਘਾਟ ਹੈ। ਆਸ ਹੈ ਕਿ ਇਸ ਤਰ੍ਹਾਂ ਦੀਆਂ ਸਭ ਸੁਸਾਇਟੀਆਂ ਇਸ ਘਾਟ ਨੂੰ ਪੂਰਾ ਕਰਨ ਵਿਚ ਕੁਝ ਹੱਦ ਤੱਕ ਸਹਾਈ ਹੋਣਗੀਆਂ।

ਇਸ ਸਭਾ ਦੇ ਸਾਰੇ ਅਹੁਦੇਦਾਰ ਮਜ਼ਦੂਰ, ਗਰੀਬ, ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਨ ਵਾਲੇ ਅਤੇ ਸੁੱਚ-ਸੰਜਮ ਵਾਲੇ ਨੌਜਵਾਨ ਹਨ। ਗੁਰੂ ਮਹਾਰਾਜ ਅੱਗੇ ਅਰਦਾਸ ਹੈ ਕਿ ਇਹ ਕਾਫਲਾ ਕੌਮ ਦਾ ਰਸਤਾ ਰੁਸ਼ਨਾਉਂਦਾ ਹੋਇਆ ਨਿੱਤ ਨਵੀਆਂ ਪੁਲਾਂਘਾਂ ਪੁੱਟੇ।

—ਰਛਪਾਲ ਸਿੰਘ ਬੱਧਣ

ਜਨਰਲ ਸਕੱਤਰ, ਪੰਜਾਬੀ ਪਰਚਾਰ ਕੇਂਦਰ (ਰਜਿ:)

**N.B. 180**, ਪ੍ਰੀਤ ਨਗਰ, ਸੋਢਲ ਰੋਡ,

ਜਲੰਧਰ।

# ਸੰਖੇਪ ਜੀਵਨੀ ਗੁਰੂ ਰਵਿਦਾਸ ਜੀ

ਜਦੋਂ ਬ੍ਰਾਹਮਣਵਾਦ ਨੇ ਹਿੰਦੋਸਤਾਨ ਦੀ ਮੈਜਾਰਿਟੀ ਦੱਬੀ ਕੁਚਲੀ ਅਖੌਤੀ ਨੀਵੀਂ ਜਾਤ, ਗਰੀਬਾਂ ਤੇ ਔਰਤਾਂ ਨੂੰ ਅਸਹਿ ਤਸੀਹੇ ਦੇ ਕੇ ਗੁਲਾਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਮਜ਼ਲੂਮਾਂ ਦੀਆਂ ਕੁਰਲਾਹਟਾਂ ਸੁਣ ਕੇ ਸਿਨ 1414 ਈ: (1471 ਬਿਕਰਮੀ) ਮਾਘ ਦੀ ਸ਼ੁਕਲ ਪੂਰਨਮਾਸ਼ੀ ਦਿਨ ਐਤਵਾਰ ਨੂੰ ਦੀਨ ਦੁਖੀਆਂ ਦੇ ਮਸੀਹਾ ਜਗਤ ਗੁਰੂ, ਗੁਰੂ ਰਵਿਦਾਸ ਜੀ ਦਾ ਆਗਮਨ ਹੋਇਆ।

ਆਪ ਜੀ ਦੀ ਜਨਮ ਤਿਥੀ ਸੰਬੰਧੀ ਵਿਦਵਾਨਾਂ ਵਿਚ ਅਜੇ ਮੱਤਭੇਦ ਹਨ। ਬਹੁਤ ਸਾਰੇ ਸੂਝਵਾਨ ਲੇਖਕਾਂ ਦੇ ਵਿਚਾਰ, ਡੇਰਾ ਸੱਚਖੰਡ ਬੱਲਾਂ ਦੀ ਖੋਜ, ਸੰਤ ਮੀਰਾਬਾਈ ਅਤੇ ਸਿਕੰਦਰ ਲੋਧੀ ਦੇ ਜੀਵਨ ਕਾਲ ਨੂੰ ਮੱਦੇ-ਨਜ਼ਰ ਰੱਖਦਿਆਂ ਉਪਰੋਕਤ ਤਿਥੀ ਹੀ ਸਹੀ ਜਾਪਦੀ ਹੈ।

ਆਪ ਜੀ ਦੇ ਜਨਮ ਸੰਬੰਧੀ ਵੀ ਅਜੇ ਇਕ ਰਾਇ ਨਹੀਂ ਹੋ ਸਕੀ। ਕਈ ਵਿਦਵਾਨਾਂ ਨੇ ਆਪ ਦਾ ਜਨਮ ਬਨਾਰਸ ਵਿਖੇ ਹਿੰਦੂ ਯੂਨੀਵਰਸਿਟੀ (ਅੱਜਕਲ੍ਹ) ਨੇੜੇ ਸੀਰ ਗੋਵਰਧਨਪੁਰ ਅਤੇ ਕਈ ਵਿਦਵਾਨਾਂ ਅਨੁਸਾਰ ਆਪ ਜੀ ਦਾ ਜਨਮ ਬਨਾਰਸ ਛਾਉਣੀ ਦੇ ਰੇਲਵੇ ਸਟੇਸ਼ਨ ਤੋਂ 3-4 ਕਿਲੋਮੀਟਰ ਪੱਛਮ ਵੱਲ ਚਰਮਕਾਰਾਂ ਦੀ ਬਸਤੀ ਮੰਡੂਆ ਡੀਹ ਵਿਖੇ ਹੋਇਆ। ਜ਼ਿਆਦਾ ਵਿਦਵਾਨਾਂ ਦੇ ਵਿਚਾਰਾਂ ਅਤੇ ਡੇਰਾ ਸੱਚਖੰਡ ਬੱਲਾਂ ਦੀ ਨਵੀਨ ਖੋਜ ਮੁਤਾਬਿਕ ਸੀਰ ਗੋਵਰਧਨਪੁਰ ਹੀ ਸਹੀ ਜਾਪਦਾ ਹੈ। ਡੇਰਾ ਬੱਲਾਂ ਵਲੋਂ ਇਸ ਅਸਥਾਨ 'ਤੇ ਹੁਣ ਬਹੁਤ ਹੀ ਸੁੰਦਰ ਮੰਦਰ ਉਸਾਰਿਆ ਗਿਆ ਹੈ ਜਿੱਥੇ ਕਿ ਦੂਰੋਂ ਨੇੜਿਓਂ ਸੰਗਤਾਂ ਆ ਕੇ ਆਪਣੇ ਰਹਿਬਰ ਨੂੰ ਯਾਦ ਕਰਦੀਆਂ ਹਨ। ਭਾਵੇਂ ਇਹੀ ਅਸਥਾਨ ਮੰਨਣਯੋਗ ਹੈ ਪਰ ਫਿਰ ਵੀ ਸਾਨੂੰ ਮੰਡੂਆ ਡੀਹ ਵਾਲੇ ਅਸਥਾਨ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਹੋ ਸਕਦਾ ਹੈ ਕਿ ਮੰਡੂਆ ਡੀਹ ਵਾਲੇ ਅਸਥਾਨ 'ਤੇ ਹੀ ਸਤਿਗੁਰੂ ਜੀ ਰਿਹਾ ਕਰਦੇ ਹੋਣਗੇ, ਦਸਾਂ ਨਹੁੰਆਂ ਦੀ ਕਿਰਤ ਕਰਕੇ ਸੰਗਤਾਂ ਨੂੰ ਉਪਦੇਸ਼ ਦਿੰਦੇ ਹੋਣਗੇ। ਗੁਰੂ ਜੀ ਦਾ ਫੁਰਮਾਨ ਹੈ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ,**

**ਨਿਤਹਿ ਬਾਨਾਰਸੀ ਆਸ ਪਾਸਾ॥**

(ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩)

ਸੋ ਸਾਨੂੰ ਇਸ ਅਸਥਾਨ ਦਾ ਵੀ ਵਿਕਾਸ ਕਰਨਾ ਚਾਹੀਦਾ ਹੈ।

**ਆਪ ਜੀ ਦਾ ਪਰਿਵਾਰ**—ਆਪ ਜੀ ਦੇ ਪਿਤਾ ਦਾ ਨਾਮ ਸੰਤੋਖ ਦਾਸ ਅਤੇ ਮਾਤਾ ਦਾ ਨਾਮ ਕਲਸ਼ਾ ਸੀ।[1] ਪਰ ਜ਼ਿਆਦਾਤਰ ਵਿਦਵਾਨਾਂ ਦੀ ਰਾਇ ਹੈ ਕਿ ਆਪ ਜੀ ਦੇ ਪਿਤਾ ਦਾ ਨਾਮ ਰਘੂ ਅਤੇ ਮਾਤਾ ਦਾ ਨਾਮ ਰਘੂਰਣੀਆ (ਰਘੂਰਾਣੀ ਅਰਥਾਤ ਕਰਮਾ ਦੇਵੀ) ਮੰਨਿਆ ਹੈ। ਆਪ ਜੀ ਦੀ ਪਤਨੀ ਦਾ ਨਾਮ ਲੂਣਾ (ਲੂਣਾ) ਸੀ ਅਤੇ ਆਪ ਜੀ ਦਾ ਇਕ ਸਪੁੱਤਰ ਸੀ ਜਿਸ ਦਾ ਨਾਮ ਵਿਜੈ ਦਾਸ ਸੀ।

ਆਪ ਜੀ ਨੇ ਹਿੰਦੁਸਤਾਨ ਦੀਆਂ ਅਨੇਕਾਂ ਯਾਤਰਾਵਾਂ ਵੀ ਕੀਤੀਆਂ। ਇਸੇ ਕਾਰਨ ਆਪ ਜੀ ਦੇ ਵੱਖ-ਵੱਖ ਰਾਜਾਂ ਵਿਚ ਵਸਦੇ ਸ਼ਰਧਾਲੂਆਂ ਨੇ ਆਪ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਹੈ। ਸੰਤ ਮੀਰਾ ਬਾਈ ਨੇ ਆਪ ਨੂੰ ਰੈਦਾਸ ਨਾਮ ਨਾਲ ਯਾਦ ਕੀਤਾ ਹੈ। ਇਸ ਪ੍ਰਕਾਰ ਆਪ ਜੀ ਦੇ ਹੋਰ ਮਿਲਦੇ-ਜੁਲਦੇ ਨਾਮ ਹਨ—ਜਿਵੇਂ ਰਵਿਦਾਸ, ਰੁਇਦਾਸ, ਰੋਹਿਦਾਸ, ਰੁਦ੍ਦਾਸ, ਰਯਿਦਾਸ, ਰਾਏਦਾਸ ਆਦਿ। ਪਰ ਆਪ ਜੀ ਦਾ ਜ਼ਿਆਦਾ ਪ੍ਰਚੱਲਤ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਨਾਮ ਰਵਿਦਾਸ ਹੀ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਹ ਨਾਮ ਸਤਿਗੁਰ ਰਵਿਦਾਸ ਜੀ ਦੇ ਹੀ ਹਨ। ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਲੋਕਾਂ ਨੇ ਆਪਣੀ ਸੌਖ ਵਾਸਤੇ ਆਪ ਦਾ ਨਾਮ ਆਪਣੀ ਬੋਲੀ ਵਿਚ ਹੀ ਰੱਖ ਲਿਆ।

**ਵਿੱਦਿਆ ਅਤੇ ਬਾਣੀ**—ਗੁਰੂ ਸਾਹਿਬ ਦੇ ਜੀਵਨ ਕਾਲ ਵਿਚ ਸ਼ੂਦਰਾਂ ਨੂੰ ਪੜ੍ਹਨ-ਲਿਖਣ ਦੀ ਬਿਲਕੁਲ ਮਨਾਹੀ ਸੀ। ਇਸ ਕਰਕੇ ਕੋਈ ਵੀ ਪੰਡਤ ਜਾਂ ਮੌਲਵੀ ਸ਼ੂਦਰਾਂ ਨੂੰ ਪੜ੍ਹਾਉਣ ਲਈ ਤਿਆਰ ਨਹੀਂ ਸੀ। ਪਰ ਗੁਰੂ ਜੀ ਨੇ ਆਪਣੀ ਬਾਣੀ ਵਿਚ ਹਿੰਦੀ, ਸੰਸਕ੍ਰਿਤ, ਪੰਜਾਬੀ, ਬ੍ਰਿਜ ਅਤੇ ਫਾਰਸੀ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਨਿਰਸੰਦੇਹ ਉਨ੍ਹਾਂ ਨੂੰ ਧੁਰ ਤੋਂ ਹੀ ਲੋਕ-ਭਾਸ਼ਾਵਾਂ ਦਾ ਗਿਆਨ ਸੀ। ਅਕਾਲ ਪੁਰਖ ਨੇ ਆਪ ਹੀ ਵਿਦਿਆ ਦਾ ਗਿਆਨ ਦੇ ਕੇ ਸੰਸਾਰ 'ਤੇ ਭੇਜਿਆ ਸੀ। ਮਿਹਰ ਚੰਦ ਮੇਹਰ ਦੀ ਪੁਸਤਕ "ਨੂਰੀ ਰਵਿਦਾਸ" ਦੇ ਅਨੁਸਾਰ ਗੁਰਮੁਖੀ ਲਿਪੀ ਦੇ ਰਚਣਹਾਰ ਵੀ ਗੁਰੂ ਰਵਿਦਾਸ ਜੀ ਹੀ ਹਨ। ਸੰਤ ਜਸਵੰਤ ਸਿੰਘ ਜੀ ਨੇ ਲਹੌਰ ਹਾਈਕੋਰਟ ਤੋਂ

---

1. ਇਹ ਸਰੋਤ ਡਾ. ਲੇਖਰਾਜ ਪਰਵਾਨਾ ਦੀ ਪੁਸਤਕ 'ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ ਤੋਂ ਹੈ।

ਮੁਕੱਦਮਾ ਜਿੱਤ ਕੇ ਇਹ ਸਾਬਤ ਕੀਤਾ ਹੈ ਕਿ ਪੰਜਾਬੀ ਅੱਖਰ ਗੁਰੂ ਰਵਿਦਾਸ ਜੀ ਨੇ ਹੀ ਪ੍ਰਚੱਲਤ ਕੀਤੇ ਹਨ।

ਆਪ ਜੀ ਦੇ 40 ਸ਼ਬਦ ਅਤੇ ਇਕ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹਨ। ਪਹਿਲੀ ਉਦਾਸੀ ਸਮੇਂ ਜਦੋਂ ਗੁਰੂ ਨਾਨਕ ਦੇਵ ਜੀ ਬਨਾਰਸ ਵਿਖੇ ਪਹੁੰਚੇ ਤਾਂ ਉਨ੍ਹਾਂ ਦਾ ਮੇਲ ਗੁਰੂ ਰਵਿਦਾਸ ਜੀ ਨਾਲ ਹੋਇਆ। ਦੋਨਾਂ ਮਹਾਂਪੁਰਸ਼ਾਂ ਵਿਚ ਅਧਿਆਤਮਕ ਵਿਸ਼ੇ 'ਤੇ ਵਿਚਾਰ ਗੋਸ਼ਟੀ ਹੋਈ। ਗੁਰੂ ਨਾਨਕ ਦੇਵ ਜੀ ਗੁਰੂ ਸਾਹਿਬ ਦੀ ਬਾਣੀ ਅਤੇ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਤ ਹੋਏ ਅਤੇ ਆਪ ਦੀ ਉਚਾਰਨ ਕੀਤੀ ਬਾਣੀ ਲੈਣ ਦੀ ਇੱਛਾ ਜ਼ਾਹਰ ਕੀਤੀ। ਗੁਰੂ ਰਵਿਦਾਸ ਜੀ ਨੇ ਉਦੋਂ ਤੱਕ ਜਿੰਨੀ ਵੀ ਬਾਣੀ ਲਿਖੀ ਸੀ ਉਹ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਦੇ ਦਿੱਤੀ। ਜੋ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਜਗਤ ਗੁਰੂ ਦੀ ਪਦਵੀ ਦੇ ਦਿੱਤੀ। ਬਾਣੀ ਗੁਰੂ, ਗੁਰੂ ਹੈ ਬਾਣੀ॥

ਸਾਨੂੰ ਚਾਹੀਦਾ ਹੈ ਕਿ ਵਿਸ਼ਵ ਪੱਧਰ 'ਤੇ ਇਕ ਗੁਰੂ ਰਵਿਦਾਸ ਮਿਸ਼ਨ ਸੰਸਥਾ ਬਣਾਈ ਜਾਵੇ। ਸਾਲ ਬਾਅਦ ਜਾਂ 2-3 ਸਾਲਾਂ ਬਾਅਦ ਗੁਰੂ ਰਵਿਦਾਸ ਮਿਸ਼ਨ ਵਲੋਂ, ਵਿਸ਼ਵ ਕਾਨਫਰੰਸ ਕਰਾਈ ਜਾਵੇ ਜਿਸ ਵਿਚ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਇਕੱਤਰ ਕੀਤੇ ਜਾਣ। ਫਿਰ ਉਨ੍ਹਾਂ ਵਿਚਾਰਾਂ ਦੇ ਆਧਾਰ 'ਤੇ ਸਹੀ ਜੀਵਨ ਕਥਾਵਾਂ, ਘਟਨਾਵਾਂ ਅਤੇ ਮਿਤੀਆਂ ਨੂੰ ਚੁਣ ਕੇ ਗੁਰੂ ਰਵਿਦਾਸ ਜੀ ਦੇ ਜੀਵਨ ਦਾ ਇਤਿਹਾਸ ਵੱਖ-ਵੱਖ ਭਾਸ਼ਾਵਾਂ ਵਿਚ ਬਣਾਇਆ ਜਾਵੇ ਤਾਂ ਕਿ ਸਾਡੀ ਕੌਮ ਇਨ੍ਹਾਂ ਵੱਖ-ਵੱਖ ਵਿਚਾਰਾਂ ਦੀਆਂ ਲੜੀਆਂ ਵਿਚ ਨਾ ਰਹਿ ਕੇ ਕੇਵਲ ਇਕ ਹੀ ਲੜੀ ਵਿਚ ਪਰੋਤੀ ਜਾਵੇ ਅਤੇ ਸਾਰੀ ਦੁਨੀਆਂ ਵਿਚ ਗੁਰੂ ਸਾਹਿਬ ਦਾ ਮਿਸ਼ਨ ਪ੍ਰਚਾਰਿਆ ਜਾਵੇ। ਜਿੰਨਾ ਚਿਰ ਸਾਡੇ ਵਿਚਾਰ ਇਕ ਨਹੀਂ ਹਨ, ਸਾਡੀ ਕੌਮ ਇਕ ਨਹੀਂ ਹੋ ਸਕਦੀ। ਦੂਸਰੇ ਲੋਕ ਤਾਂ ਕੀ ਅਸੀਂ ਆਪ ਵੀ ਗੁਰੂ ਸਾਹਿਬ ਦੀ ਵਿਚਾਰਧਾਰਾ ਤੋਂ ਪ੍ਰਭਾਵਤ ਨਹੀਂ ਹੋ ਸਕਦੇ। ਸੋ ਲੋੜ ਹੈ ਕੌਮ ਦੇ ਕੁਝ ਸੂਝਵਾਨ ਵਿਦਵਾਨ ਅੱਗੇ ਆ ਕੇ ਇਸ ਖਿੰਡਰੀ ਹੋਈ ਕੌਮ ਨੂੰ ਇਕੱਠਾ ਕਰਨ। ਕਿਉਂਕਿ ਗੈਸਾਂ ਦਾ ਇਕੱਠ ਹੀ ਪਿਸਟਨ ਨੂੰ ਬਾਹਰ ਧੱਕਦਾ ਹੈ ਅਤੇ ਇੰਜਣ ਚਲਦਾ ਹੈ। ਜੇਕਰ ਇਕੱਠੀਆਂ ਗੈਸਾਂ ਖਿੰਡਰ ਕੇ ਨਿਕਲ ਜਾਣ ਤਾਂ ਪਿਸਟਨ ਗਤੀ ਨਹੀਂ ਕਰੇਗਾ ਅਤੇ ਇੰਜਣ ਇਕੋ ਥਾਂ 'ਤੇ ਖੜ੍ਹਾ ਰਹੇਗਾ।

# ਮੂਰਤੀ ਪੂਜਾ ਅਤੇ ਗੁਰੂ ਰਵਿਦਾਸ ਜੀ

ਪੁਰਾਤਨ ਸਮੇਂ ਦੇ ਬ੍ਰਾਹਮਣਵਾਦੀ ਲੇਖਕਾਂ ਨੇ ਸਤਿਗੁਰ ਰਵਿਦਾਸ ਜੀ ਦੇ ਇਤਿਹਾਸ ਨੂੰ ਬੜਾ ਤੋੜ-ਮਰੋੜ ਕੇ ਲਿਖਿਆ ਹੈ ਅਤੇ ਉਹ ਆਪਣੀ ਇਸ ਕੋਝੀ ਹਰਕਤ ਵਿਚ ਕਾਫੀ ਹੱਦ ਤੱਕ ਕਾਮਯਾਬ ਵੀ ਹੋਏ ਹਨ। ਕਿਸੇ ਲੇਖਕ ਨੇ ਗੁਰੂ ਸਾਹਿਬ ਨੂੰ ਮੂਰਤੀ ਪੂਜਕ, ਕਿਸੇ ਨੇ ਵਿਸ਼ਨੂ ਦੇ ਉਪਾਸ਼ਕ, ਗੰਗਾ ਦੇ ਪੁਜਾਰੀ, ਰਾਮ ਚੰਦਰ ਦੇ ਭਗਤ, ਪੱਥਰਾਂ ਨੂੰ ਪੂਜਣ ਵਾਲੇ, ਕ੍ਰਿਸ਼ਨ ਦੇ ਪੁਜਾਰੀ ਅਤੇ ਕਿਸੇ ਨੇ ਸਵਾਮੀ ਰਾਮਾਨੰਦ ਦੇ ਸ਼ਿਸ਼ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਅੱਜ ਦੇ ਵੀ ਕੁਝ ਮਨੂੰਵਾਦੀ ਲੇਖਕਾਂ ਨੇ ਜਾਣ-ਬੁਝ ਕੇ ਅਤੇ ਕੁਝ ਨੇ ਪੁਰਾਤਨ ਲਿਖਤਾਂ ਤੋਂ ਹੀ ਲਕੀਰ ਦੇ ਫਕੀਰ ਬਣ ਕੇ ਗੁਰੂ ਸਾਹਿਬ ਨੂੰ ਅਜਿਹੇ ਪੂਜਕ ਸਿੱਧ ਕੀਤਾ ਹੈ।

ਬ੍ਰਾਹਮਣਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਸਾਹਿਬ ਦੀ ਬਾਣੀ ਨੂੰ ਸਮਝੇ ਬਗੈਰ ਅੱਜ ਅਸੀਂ ਗੁਰੂ ਜੀ ਦੀਆਂ ਮੂਰਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਦੀਆਂ ਮੂਰਤੀਆਂ ਅਤੇ ਤਸਵੀਰਾਂ ਦੀ ਪੂਜਾ ਵਿਚ ਜੁੱਟੇ ਹੋਏ ਹਾਂ। ਇਕ ਪਾਸੇ ਅਸੀਂ ਗੁਰਬਾਣੀ ਨੂੰ ਆਪਣਾ ਇਸ਼ਟ ਮੰਨਿਆ ਹੋਇਆ ਹੈ ਪਰ ਦੂਜੇ ਪਾਸੇ ਗੁਰਬਾਣੀ ਦੇ ਦੱਸੇ ਹੁਕਮ ਤੋਂ ਉਲਟ ਜਾ ਰਹੇ ਹਾਂ। ਅਸੀਂ ਇਕ ਪਾਸੇ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੈ ਪਰ ਦੂਸਰੇ ਪਾਸੇ ਮੂਰਤੀ ਦੀ ਪੂਜਾ ਹੋ ਰਹੀ ਹੈ, ਕੀ ਅਸੀਂ ਇਹ ਨਹੀਂ ਜਾਣਦੇ ਕਿ ਗੁਰਬਾਣੀ ਦਾ ਮੂਰਤੀ ਪੂਜਾ ਨਾਲ ਕੋਈ ਵੀ ਸੰਬੰਧ ਨਹੀਂ ਹੈ?

ਸਾਡੇ ਅੱਜ ਦੇ ਕੁਝ ਸਤਿਕਾਰਯੋਗ ਸੰਤ ਵੀ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ, ਉਪਦੇਸ਼ ਕਰਕੇ ਮੂਰਤੀਆਂ ਦੀ ਸਥਾਪਨਾ ਕਰੀ ਜਾ ਰਹੇ ਹਨ। ਕੀ ਉਨ੍ਹਾਂ ਗੁਰਬਾਣੀ ਦੇ ਇਨ੍ਹਾਂ ਮਹਾਂਵਾਕਾਂ ਨੂੰ ਕਦੇ ਨਹੀਂ ਪੜ੍ਹਿਆ?

**ਅੰਧੇ ਗੁੰਗੇ ਅੰਧ ਅੰਧਾਰੁ ॥**

**ਪਾਥਰੁ ਲੇ ਪੂਜਹਿ ਮੁਗਧ ਗਵਾਰ ॥**

(ਗੁਰੂ ਗ੍ਰੰਥ ਸਾਹਿਬ, ਪੰਨਾ ੫੫੬)

**ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥**

**ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥**

(ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੦)

ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥

(ਗੁਰੂ ਗ੍ਰੰਥ ਸਾਹਿਬ, ਪੰਨਾ ੬੯੪)

ਨਹੀਂ ਜੀ ਨਹੀਂ! ਉਨ੍ਹਾਂ ਨੂੰ ਇਨ੍ਹਾਂ ਮਹਾਂਵਾਕਾਂ ਦੀ ਸਮਝ ਹੈ, ਪਰ ਸਾਡੇ ਖ਼ਿਆਲ ਅਨੁਸਾਰ ਜੇਕਰ ਉਹ ਮੂਰਤੀ ਪੂਜਾ ਦਾ ਖੰਡਨ ਕਰਦੇ ਹਨ ਤਾਂ ਉਨ੍ਹਾਂ ਦੇ ਸੇਵਕਾਂ ਦੀ ਗਿਣਤੀ ਘਟਣ ਲਗਦੀ ਹੈ ਜੋ ਕਿ ਉਹ ਹਰਗਿਜ਼ ਨਹੀਂ ਹੋਣ ਦੇਣਾ ਚਾਹੁੰਦੇ। ਇਹੀ ਕਾਰਨ ਹੈ ਕਿ ਦਲਿਤ ਕੌਮ ਦੇ ਇਨ੍ਹਾਂ ਸਵਾਰਥਵਾਦੀ ਧਾਰਮਿਕ ਠੇਕੇਦਾਰਾਂ, ਬ੍ਰਾਹਮਣਵਾਦੀ ਲੇਖਕਾਂ ਕਰਕੇ ਸਾਡੀ ਕੌਮ ਅਨਪੜ੍ਹਤਾ, ਮੂਰਤੀ ਪੂਜਾ ਅਤੇ ਵਹਿਮਾਂ-ਭਰਮਾਂ ਦੇ ਪਾਖੰਡਾਂ ਦਾ ਸ਼ਿਕਾਰ ਹੁੰਦੀ ਜਾ ਰਹੀ ਹੈ।

ਆਓ ਹੁਣ ਆਪਾਂ ਇਸ ਵਿਸ਼ੇ ਵੱਲ ਜਾਈਏ ਕਿ ਕੀ ਗੁਰੂ ਰਵਿਦਾਸ ਜੀ ਮਹਾਰਾਜ ਮੂਰਤੀ ਪੂਜਕ ਸਨ? ਗੁਰੂ ਜੀ ਨੇ ਕਦੇ ਵੀ ਪੱਥਰਾਂ ਜਾਂ ਮੂਰਤੀਆਂ ਦੀ ਪੂਜਾ ਨਹੀਂ ਕੀਤੀ। ਸਤਿਗੁਰੂ ਜੀ ਨੇ ਸ਼ਬਦ ਦੀ ਕਮਾਈ ਦੁਆਰਾ (ਉਹ ਸ਼ਬਦ ਜੋ ਸਤਿਗੁਰ ਜੀ ਨੂੰ ਧੁਰ ਦਰਗਾਹੋਂ ਪ੍ਰਾਪਤ ਹੋਇਆ ਸੀ) ਪ੍ਰਭੂ ਨੂੰ ਪਾਇਆ ਹੈ ਅਤੇ ਸਾਨੂੰ ਵੀ ਇਸੇ ਵਿਧੀ ਦੁਆਰਾ ਪਾਉਣ ਦਾ ਹੁਕਮ ਕਰਦੇ ਹਨ। ਹਰ ਇਕ ਧਰਮ ਵਿਚ ਪ੍ਰਭੂ ਨੂੰ ਪਾਉਣ ਦਾ ਸਭ ਤੋਂ ਉੱਤਮ ਅਤੇ ਸਿਰਫ ਇਕੋ-ਇਕ ਵਸੀਲਾ ਹੈ ਗੁਰੂ ਦੇ ਸ਼ਬਦ ਦੀ ਕਮਾਈ। ਹੋਰ ਬਾਕੀ ਦੇ ਕਰਮਕਾਂਡ ਕੇਵਲ ਦਿਖਾਵਾ ਹੀ ਹਨ। ਗੁਰੂ ਸਾਹਿਬ ਦੁਆਰਾ ਧਨਾਸਰੀ ਰਾਗ ਵਿਚ ਉਚਾਰਨ ਕੀਤੀ ਆਰਤੀ ਮੂਰਤੀ ਪੂਜਾ ਦਾ ਜ਼ੋਰਦਾਰ ਖੰਡਨ ਕਰਦੀ ਹੈ।

ੴ ਸਤਿਗੁਰ ਪ੍ਰਸਾਦਿ॥

ਧਨਾਸਰੀ ਭਗਤ ਰਵਿਦਾਸ ਜੀਉ ਕੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥ ੧॥ ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ,
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ,
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥ ੧॥

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ,
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ,
ਭਇਓ ਉਜਿਆਰੋ ਭਵਨ ਸਗਲਾਰੇ॥ ੨॥
ਨਾਮੁ ਤੇਰੋ ਤਾਗਾ ਨਾਮ ਫੂਲ ਮਾਲਾ,
ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ,
ਨਾਮੁ ਤੇਰਾ ਤੁਹੀ ਚਵਰ ਢੋਲਾਰੇ॥ ੩॥
ਦਸ ਅਠਾ, ਅਠਸਠੇ ਚਾਰੇ ਖਾਣੀ,
ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ,
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥ ੪॥ ੩॥

(ਗੁਰੂ ਗ੍ਰੰਥ ਸਾਹਿਬ, ਪੰਨਾ ੬੯੪)

ਪ੍ਰੋ: ਸਾਹਿਬ ਸਿੰਘ ਇਸ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ–

ਹੇ ਪ੍ਰਭੂ! (ਅੰਞਾਣ ਲੋਕ ਮੂਰਤੀਆਂ ਦੀ ਆਰਤੀ ਕਰਦੇ ਹਨ, ਪਰ ਮੇਰੇ ਲਈ) ਤੇਰਾ ਨਾਮ (ਤੇਰੀ) ਆਰਤੀ ਹੈ ਤੇ ਤੀਰਥਾਂ ਦਾ ਇਸ਼ਨਾਨ ਹੈ। ਹੇ ਭਾਈ! ਪ੍ਰਮਾਤਮਾ ਦੇ ਨਾਮ ਤੋਂ ਖੁੰਝ ਕੇ ਹੋਰ ਸਾਰੇ ਅਡੰਬਰ ਕੂੜੇ ਹਨ। ੧। ਰਹਾਉ।

ਤੇਰਾ ਨਾਮ (ਮੇਰੇ ਲਈ ਪੰਡਤ ਵਾਲਾ) ਆਸਨ ਹੈ (ਜਿਸ ਉਤੇ ਬੈਠ ਕੇ ਉਹ ਮੂਰਤੀ ਦੀ ਪੂਜਾ ਕਰਦਾ ਹੈ), ਤੇਰਾ ਨਾਮ ਹੀ (ਚੰਦਨ ਘਸਾਉਣ ਲਈ) ਸਿਲ ਹੈ, (ਮੂਰਤੀ ਪੂਜਕ ਸਿਲ ਉਤੇ ਕੇਸਰ ਘੋਲ ਕੇ ਮੂਰਤੀ ਉੱਤੇ ਕੇਸਰ ਛਿੜਕਦਾ ਹੈ) ਪਰ ਮੇਰੇ ਲਈ ਤੇਰਾ ਨਾਮ ਹੀ ਕੇਸਰ ਹੈ। ਹੇ ਮੁਰਾਰਿ (ਪ੍ਰਭੂ)! ਤੇਰਾ ਨਾਮ ਹੀ ਪਾਣੀ ਹੈ, ਨਾਮ ਹੀ ਚੰਦਨ ਹੈ। ਇਸ ਨਾਮ-ਚੰਦਨ ਨੂੰ ਨਾਮ-ਪਾਣੀ ਨਾਲ ਘਸਾ ਕੇ, ਤੇਰੇ ਨਾਮ ਦਾ ਸਿਮਰਨ-ਰੂਪ ਚੰਦਨ ਹੀ ਮੈਂ ਤੇਰੇ ਉਤੇ ਲਾਉਂਦਾ ਹਾਂ। ੧।

ਹੇ ਪ੍ਰਭੂ! ਤੇਰਾ ਨਾਮ ਹੀ ਦੀਵਾ ਹੈ। ਨਾਮ ਹੀ ਦੀਵੇ ਦੀ ਵੱਟੀ ਹੈ। ਨਾਮ ਹੀ ਤੇਲ ਹੈ, ਜੋ ਲੈ ਕੇ ਮੈਂ (ਨਾਮ ਦੀਵੇ ਵਿਚ) ਪਾਇਆ ਹੈ। ਮੈਂ ਤੇਰੇ ਨਾਮ

ਦੀ ਹੀ ਜੋਤ ਜਗਾਈ ਹੈ (ਜਿਸ ਦੀ ਬਰਕਤਿ ਨਾਲ) ਸਾਰੇ ਭਵਨਾਂ ਵਿਚ ਚਾਨਣ ਹੋ ਗਿਆ ਹੈ। ੨। ਤੇਰਾ ਨਾਮ ਮੈਂ ਤਾਗਾ ਬਣਾਇਆ ਹੈ, ਨਾਮ ਨੂੰ ਹੀ ਮੈਂ ਫੁੱਲ ਅਤੇ ਫੁੱਲਾਂ ਦੀ ਮਾਲਾ ਬਣਾਇਆ ਹੈ, ਹੋਰ ਸਾਰੀ ਬਨਾਸਪਤੀ (ਜਿਸ ਤੋਂ ਲੋਕ ਫੁੱਲ ਲੈ ਕੇ ਮੂਰਤੀਆਂ ਅੱਗੇ ਭੇਟ ਕਰਦੇ ਹਨ, ਤੇਰੇ ਨਾਮ ਦੇ ਟਾਕਰੇ 'ਤੇ) ਜੂਠੀ ਹੈ। (ਇਹ ਸਾਰੀ ਕੁਦਰਤ ਤਾਂ ਤੇਰੀ ਬਣਾਈ ਹੋਈ ਹੈ) ਤੇਰੀ ਪੈਦਾ ਕੀਤੀ ਹੋਈ ਵਿਚੋਂ ਮੈਂ ਤੇਰੇ ਅੱਗੇ ਕੀ ਰੱਖਾਂ ? (ਸੋ) ਮੈਂ ਤੇਰਾ ਨਾਮ ਰੂਪੀ ਚਉਰ ਹੀ ਤੇਰੇ ਉੱਤੇ ਝੁਲਾਉਂਦਾ ਹਾਂ। ੩।

ਸਾਰੇ ਸੰਸਾਰ ਦੀ ਨਿੱਤ ਦੀ ਕਾਰ ਤਾਂ ਇਹ ਹੈ ਕਿ (ਤੇਰਾ ਨਾਮ ਭੁਲਾ ਕੇ) ਅਠਾਰਾਂ ਪੁਰਾਣਾਂ ਦੀਆਂ ਕਹਾਣੀਆਂ ਵਿਚ ਪਰਚੇ ਹੋਏ ਹਨ ਤੇ ਅਠਾਹਠ ਤੀਰਥਾਂ ਦੇ ਇਸ਼ਨਾਨ ਨੂੰ ਹੀ ਪੁੰਨ-ਕਰਮ ਸਮਝੀ ਬੈਠੇ ਹਨ ਤੇ ਇਸ ਤਰ੍ਹਾਂ ਚਾਰ ਖਾਣੀਆਂ ਦੀਆਂ ਜੂਨਾਂ ਵਿਚ ਭਟਕ ਰਹੇ ਹਨ। ਰਵਿਦਾਸ ਆਖਦਾ ਹੈ ਕਿ ਹੇ ਪ੍ਰਭੂ! ਤੇਰਾ ਨਾਮ ਹੀ (ਮੇਰੇ ਲਈ) ਤੇਰੀ ਆਰਤੀ ਹੈ। ਤੇਰੇ ਸਦਾ ਕਾਇਮ ਰਹਿਣ ਵਾਲੇ ਨਾਮ ਦਾ ਹੀ ਭੋਗ ਮੈਂ ਤੈਨੂੰ ਲਾਉਂਦਾ ਹਾਂ। ੪। ੩।

ਸੋ ਇਸ ਸ਼ਬਦ ਵਿਚ ਸਤਿਗੁਰੂ ਜੀ ਨੇ ਸਾਨੂੰ ਮੂਰਤੀ ਪੂਜਾ ਅਤੇ ਦੂਸਰੇ ਕਰਮ-ਕਾਂਡਾਂ ਤੋਂ ਵਿਵਰਜਤ ਕੀਤਾ ਹੈ ਪਰ ਕਈ ਸੱਜਣ ਇਸ ਸ਼ਬਦ ਨੂੰ ਆਰਤੀ ਕਰਨ ਵਾਸਤੇ ਉਚਾਰਿਆ ਗਿਆ ਸਮਝੀ ਬੈਠੇ ਹਨ ਅਤੇ ਦੀਵੇ ਬਾਲ ਕੇ ਇਹ ਸ਼ਬਦ ਪੜ੍ਹਕੇ ਆਰਤੀ ਕਰਦੇ ਹਨ। ਸੋ ਇਸ ਸ਼ਬਦ ਦੇ ਭਾਵ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਅਜਿਹਾ ਕਰਨਾ ਗੁਰੂ ਸਾਹਿਬ ਦੀ ਵਿਚਾਰਧਾਰਾ ਦੀ ਬੇਅਦਬੀ ਕਰਨਾ ਹੈ।

ਗੂਜਰੀ ਰਾਗ ਵਿਚ ਵੀ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਸਾਨੂੰ ਆਪਣਾ ਤਨ ਅਤੇ ਮਨ ਪੂਜਾ ਵਾਸਤੇ ਅਰਪਨ ਕਰਨਾ ਚਾਹੀਦਾ ਹੈ। ਦੁੱਧ, ਜਲ, ਫੁੱਲ, ਧੂਫ ਧੁਖਾਉਣਾ, ਦੀਵੇ ਜਗਾਉਣੇ ਆਦਿ ਸਭ ਬਾਸੇ ਹਨ, ਜੂਠੇ ਹਨ ਅਤੇ ਪ੍ਰਭੂ ਦੇ ਚਰਨਾਂ ਵਿਚ ਅਰਪਨ ਕਰਨਯੋਗ ਨਹੀਂ ਹਨ।

**ਦੂਧੁ ਤ ਬਛਰੈ ਥਨਹੁ ਬਿਟਾਰਿਓ॥**

**ਫੂਲੁ ਭਵਰਿ, ਜਲੁ ਮੀਨਿ ਬਿਗਾਰਿਓ॥ ੧॥... ..........**

**ਧੂਪ ਦੀਪ ਨਈਬੇਦਹਿ ਬਾਸਾ॥**

**ਕੈਸੇ ਪੂਜ ਕਰਹਿ ਤੇਰੀ ਦਾਸਾ॥ ੩॥**

ਤਨੁ ਮਨੁ ਅਰਪਉ ਪੂਜ ਚਰਾਵਉ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥ ੪ ॥............॥

(ਗੁਰੂ ਗ੍ਰੰਥ ਸਾਹਿਬ, ਪੰਨਾ ੫੨੫)

ਸੋ ਉਪਰੋਕਤ ਇੰਨਾ ਕੁਝ ਪੜ੍ਹਕੇ ਵੀ ਜੇ ਅਸੀਂ ਮੂਰਤੀ ਪੂਜਾ ਕਰੀਏ ਤਾਂ ਜਾਣ-ਬੁੱਝ ਕੇ ਗੁਰੂ ਸਾਹਿਬ ਦੀ ਬੇਅਦਬੀ ਕਰਨੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਗੁਰੂ ਸਾਹਿਬ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ ਹੈ ਤਾਂ ਕੀ ਸਾਨੂੰ ਗੁਰੂ ਸਾਹਿਬ ਜੀ ਦੀਆਂ ਮਨੋ-ਕਲਪਿਤ ਤਸਵੀਰਾਂ ਛਾਪਣੀਆਂ ਨਹੀਂ ਚਾਹੀਦੀਆਂ ? ਜਵਾਬ ਹੈ—ਇਨ੍ਹਾਂ ਮਨੋਕਲਪਿਤ ਤਸਵੀਰਾਂ ਤੋਂ ਅਸੀਂ ਆਪਣੇ ਇਤਿਹਾਸ ਨੂੰ ਯਾਦ ਕਰਨਾ ਹੈ। ਇਹ ਤਸਵੀਰਾਂ ਸਾਡੀ ਗੁਰੂ ਪ੍ਰਤੀ ਸ਼ਰਧਾ ਦਾ ਇਜ਼ਹਾਰ ਹਨ। ਅਜਾਇਬ ਘਰ ਵਿਚ ਲੱਗੀਆਂ ਤਸਵੀਰਾਂ ਸਾਡੇ ਲਈ ਇਤਿਹਾਸ ਜਾਨਣ ਵਾਸਤੇ ਹਨ ਨਾ ਕਿ ਪੂਜਾ ਕਰਨ ਵਾਸਤੇ। ਸਾਨੂੰ ਜ਼ਿਆਦਾਤਰ ਇਤਿਹਾਸਕ .ਤਸਵੀਰਾਂ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਪਰ ਇਕ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਕਦੇ ਵੀ ਇਨ੍ਹਾਂ ਤਸਵੀਰਾਂ ਨੂੰ ਆਪਣਾ ਇਸ਼ਟ ਨਹੀਂ ਮੰਨਣਾ। ਗੁਰੂ ਦੀ ਅਸਲੀ ਮੂਰਤਿ ਗੁਰੂ ਦਾ ਸ਼ਬਦ ਹੈ।

**ਗੁਰ ਮੂਰਤਿ ਗੁਰ ਸ਼ਬਦ ਹੈ।**

ਸੋ ਉਪਰੋਕਤ ਗੁਰਬਾਣੀ ਦੇ ਤੱਥਾਂ ਤੋਂ ਇਹ ਗੱਲ ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਮਹਾਰਾਜ ਮੂਰਤੀ ਪੂਜਕ ਨਹੀਂ ਸਨ। ਇਸ ਕਰਕੇ ਸਾਨੂੰ ਵੀ ਮੂਰਤੀਆਂ ਜਾਂ ਤਸਵੀਰਾਂ ਦੀ ਪੂਜਾ ਨਹੀਂ ਕਰਨੀ ਚਾਹੀਦੀ ਤਾਂ ਕਿ ਆਉਣ ਵਾਲੀ ਪੀੜ੍ਹੀ ਵੀ ਇਨ੍ਹਾਂ ਕਰਮਕਾਂਡਾਂ ਦੇ ਗਿਲਾਫ 'ਚੋਂ ਨਿਕਲ ਸਕੇ।

# ਬੇ-ਕਦਰੇ

ਬੇ-ਕਦਰੇ ਲਫ਼ਜ਼ ਕਹਿਣ ਲਈ ਤਾਂ ਬਹੁਤ ਛੋਟਾ ਜਿਹਾ ਹੈ ਪਰ ਇਸ ਦਾ ਅਰਥ ਬਹੁਤ ਹੀ ਵੱਡਾ ਹੈ। ਜਿਵੇਂ ਕੋਈ ਪੁਰਸ਼ ਕਿਸੇ ਗੰਦੇ ਚਿੱਕੜ ਵਿਚ ਫਸਿਆ ਹੋਵੇ, ਕੋਈ ਦੂਜਾ ਪੁਰਸ਼ ਆ ਕੇ ਕੱਢ ਦੇਵੇ। ਚਿੱਕੜ ਵਿਚੋਂ ਨਿਕਲਿਆ ਪੁਰਸ਼ ਕੱਢਣ ਵਾਲੇ ਦਾ ਧੰਨਵਾਦ ਕੀਤੇ ਬਗੈਰ ਹੀ ਚਲਾ ਜਾਵੇ, ਇਹੋ ਜਿਹੇ ਪੁਰਸ਼ ਨੂੰ ਬੇ-ਕਦਰਾ ਕਹਿੰਦੇ ਹਨ। ਬੇ-ਕਦਰੇ ਦਾ ਅੰਤ ਬਹੁਤ ਮਾੜਾ ਹੁੰਦਾ ਹੈ ਕਿਉਂਕਿ ਉਸਦੇ ਕੰਮ ਆਉਣ ਨੂੰ ਕੋਈ ਵੀ ਤਿਆਰ ਨਹੀਂ

ਹੁੰਦਾ।

ਅਸੀਂ ਬਹੁਤ ਦੂਰ ਨਾ ਜਾਈਏ, ਅਸੀਂ ਆਪਣੇ ਵੱਲ ਝਾਤ ਮਾਰੀਏ ਕਿ ਅਸੀਂ ਕਿੰਨੇ ਕੁ ਕਦਰਦਾਨ ਹਾਂ। ਅਸੀਂ ਉਸ ਮਹਾਨ ਤਪੱਸਵੀ, ਇਨਕਲਾਬ ਦੇ ਮੋਢੀ, ਗਰੀਬਾਂ ਦੇ ਮਸੀਹਾ, ਸ੍ਰੀ ਗੁਰੂ ਰਵਿਦਾਸ ਜੀ ਨੂੰ ਕਿੰਨਾ ਕੁ ਯਾਦ ਕਰਦੇ ਹਾਂ। ਉਹਨਾਂ ਵਲੋਂ ਸਾਨੂੰ ਨਰਕ ਵਿਚੋਂ ਕੱਢਣ ਦੀ ਕਿੰਨੀ ਕੁ ਕਦਰ ਕਰਦੇ ਹਾਂ।

ਅਸੀਂ ਉਹਨਾਂ ਨੂੰ ਕਿਉਂ ਭੁਲਦੇ ਜਾ ਰਹੇ ਹਾਂ ਕਿਉਂਕਿ ਅਸੀਂ ਅੱਜ ਥੋੜ੍ਹਾ ਬਹੁਤ ਪੜ੍ਹ-ਲਿਖ ਗਏ ਅਤੇ ਉੱਚੀਆਂ ਜਾਤਾਂ ਵਾਲਿਆਂ ਵਿਚ ਸਾਨੂੰ ਬਹਿਣ ਦਾ ਹੱਕ ਮਿਲ ਗਿਆ ਹੈ। ਪਰ ਇਹ ਤਾਂ ਅਸਾਂ ਕਦੇ ਸੋਚਿਆ ਤੱਕ ਨਹੀਂ ਕਿ ਸਾਨੂੰ ਇਹ ਹੱਕ ਕਿਸ ਨੇ ਦਿਵਾਏ ਹਨ। ਅਸੀਂ ਕਿਸ ਦੀ ਬਦੌਲਤ ਪੜ੍ਹ ਲਿਖ ਸਕੇ ਹਾਂ।

ਸਾਨੂੰ ਉਹ ਦਿਨ ਕਦੇ ਭੁੱਲਣੇ ਨਹੀਂ ਚਾਹੀਦੇ ਜਿਨ੍ਹਾਂ ਦਿਨਾਂ ਵਿਚ ਸਾਨੂੰ ਸ਼ੂਦਰ ਕਿਹਾ ਜਾਂਦਾ ਸੀ। ਸਾਡਾ ਵਾਸਾ ਪਿੰਡੋਂ ਬਾਹਰ ਕਿਸੇ ਗੰਦੀ ਜਗ੍ਹਾ ਹੁੰਦਾ ਸੀ। ਸਾਡੀਆਂ ਚਮੜੇ ਦੀਆਂ ਝੁੱਗੀਆਂ ਸਨ ਤੇ ਸਾਨੂੰ ਜਦੋਂ ਝੁੱਗੀਆਂ ਵਿਚੋਂ ਬਾਹਰ ਨਿਕਲਣਾ ਪੈਂਦਾ ਸੀ ਤਾਂ ਗਲ਼ਾਂ ਵਿਚ ਕੁੱਜਾ ਲਟਕਾਉਣਾ ਪੈਂਦਾ ਸੀ, ਸਾਨੂੰ ਆਪਣੇ ਪਿੱਛੇ ਝਾੜੂ ਬੰਨ੍ਹਣਾ ਪੈਂਦਾ ਸੀ ਕਿ ਜਦ ਅਸੀਂ ਤੁਰੀਏ ਤਾਂ ਸਾਡੀ ਪੈੜ ਮਿਟਦੀ ਜਾਵੇ। ਸਾਡੇ ਗਲ ਵਿਚ ਟੱਲੀ ਹੁੰਦੀ ਸੀ ਕਿ ਦੂਰੋਂ ਹੀ ਪਤਾ ਲੱਗ ਜਾਵੇ ਕਿ ਸ਼ੂਦਰ ਆ ਰਿਹਾ ਹੈ। ਸਾਨੂੰ ਰੱਬ ਦਾ ਨਾਮ ਜਪਣ 'ਤੇ ਵੀ ਰੋਕ ਸੀ, ਜੇ ਅਸੀਂ ਇਸ ਦੀ ਉਲੰਘਣਾ ਕਰਦੇ ਸੀ ਤਾਂ ਸਾਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ।

ਇਸ ਤਰ੍ਹਾਂ ਦੇ ਨਰਕ ਵਿਚੋਂ ਕੱਢਣ ਦੇ ਲਈ ਉਸ ਸਮੇਂ ਕੋਈ ਵੀ ਦੇਵੀ-ਦੇਵਤਾ, ਸਾਡੀ ਸਹਾਇਤਾ ਕਰਨ ਵਾਸਤੇ ਨਹੀਂ ਸੀ ਆਇਆ। ਸਿਰਫ ਸਾਡੀ ਸਹਾਇਤਾ ਕੀਤੀ ਸੀ ਤਾਂ ਸ੍ਰੀ ਗੁਰੂ ਰਵਿਦਾਸ ਜੀ ਨੇ ਜਿਨ੍ਹਾਂ ਨੇ ਉਸ ਸਮੇਂ ਨੂੰ ਵੇਖਿਆ ਤੇ ਰੱਬ ਦੀ ਘੋਰ ਬੰਦਗੀ ਕੀਤੀ ਤੇ ਰੱਬ ਨੂੰ ਪਾ ਲਿਆ ਤੇ ਫਿਰ ਉਨ੍ਹਾਂ ਜ਼ਾਲਮਾਂ ਦੇ ਵਿਰੁੱਧ ਊਚ-ਨੀਚ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਸਾਨੂੰ ਗੰਦਗੀ ਦੇ ਵਿਚੋਂ ਬਾਹਰ ਕੱਢਿਆ ਪਰ ਅਸੀਂ ਅੱਜ ਉਨ੍ਹਾਂ ਦੀ ਕੀਤੀ ਕੁਰਬਾਨੀ ਨੂੰ ਭੁੱਲਦੇ ਜਾ ਰਹੇ ਹਾਂ।

ਇਥੋਂ ਤੱਕ ਵੇਖਿਆ ਗਿਆ ਹੈ ਕਿ ਕਈ ਜਗ੍ਹਾ 'ਤੇ ਸ੍ਰੀ ਗੁਰੂ ਰਵਿਦਾਸ

ਜੀ ਦਾ ਗੁਰਦੁਆਰਾ ਬਣਿਆ ਹੈ, ਅਸੀਂ ਉਥੇ ਮੱਥਾ ਟੇਕਣ ਨਹੀਂ ਜਾਂਦੇ ਕਿ ਸਾਨੂੰ ਕੋਈ ਵੇਖ ਨਾ ਲਵੇ ਜਾਂ ਕੋਈ ਕਹਿ ਨਾ ਦੇਵੇ ਕਿ ਇਹ ਚਮਾਰ ਹੈ।

ਦਿਵਾਲੀ ਦੇ ਦਿਨ ਤਾਂ ਅਸੀਂ ਖੂਬ ਦਿਵਾਲੀ ਮਨਾਉਂਦੇ ਹਾਂ, ਪਟਾਖੇ ਚਲਾਉਂਦੇ ਹਾਂ, ਦੀਪਮਾਲਾ ਕਰਦੇ ਹਾਂ, ਰੱਜ ਕੇ ਖੁਸ਼ੀ ਮਨਾਉਂਦੇ ਹਾਂ ਪਰ ਜਦ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਆਉਂਦਾ ਹੈ ਤਾਂ ਕਿਉਂ ਦੀਪਮਾਲਾ ਨਹੀਂ ਕਰਦੇ, ਕਿਉਂ ਪਟਾਖੇ ਨਹੀਂ ਚਲਾਉਂਦੇ, ਕਿਉਂ ਖੁਸ਼ੀ ਜ਼ਾਹਰ ਨਹੀਂ ਕਰਦੇ। ਕਈ ਤਾਂ ਇਥੋਂ ਤੱਕ ਕਿ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਵਾਸਤੇ ਗੁਰਦੁਆਰੇ ਜਾ ਕੇ ਦਸਵੰਧ ਵੀ ਨਹੀਂ ਦਿੰਦੇ, ਇਸ ਤਰ੍ਹਾਂ ਕਿਉਂ ਹੈ ? ਕੀ ਅਸੀਂ ਗਰੀਬ ਹਾਂ ?

ਕੀ ਸਾਨੂੰ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਬਾਰੇ ਪਤਾ ਨਹੀਂ–ਨਹੀਂ ਜੀ ਨਹੀਂ! ਇਸ ਦਾ ਕਾਰਨ ਹੈ ਕਿ ਸਾਨੂੰ ਕੋਈ ਚਮਾਰ ਨਾ ਕਹੇ।

ਅਸੀਂ ਗਰੀਬੀ ਤੋਂ ਥੋੜ੍ਹਾ ਜਿਹਾ ਉੱਚਾ ਕਾਹਦੇ ਹੋਏ ਕਿ ਅਸੀਂ ਉੱਚੀ ਜਾਤੀ ਵਾਲੇ ਬਣ ਬੈਠੇ ਪਰ ਸਾਨੂੰ ਇਹ ਨਹੀਂ ਪਤਾ ਕਿ ਸਾਡੇ ਲਈ ਚਮਾਰ ਹੋਣਾ ਕਿੰਨੇ ਗਰਵ ਦੀ ਗੱਲ ਹੈ ਕਿ ਅਸੀਂ ਉਸ ਮਹਾਨ ਤਪੱਸਵੀ, ਮਹਾਨ ਕ੍ਰਾਂਤੀਕਾਰੀ ਤੇ ਰੱਬ ਦੇ ਸੱਚੇ ਤੇ ਸੁੱਚੇ ਸੇਵਕ ਦੀ ਸੰਤਾਨ ਹਾਂ ਜਿਸ ਦੇ ਉਸ ਸਮੇਂ ਦੇ ਰਾਜੇ ਅਤੇ ਉੱਚੀਆਂ ਜਾਤਾਂ ਵਾਲੇ ਸੇਵਕ ਸਨ।

ਤੇ ਆਉ ! ਅਸੀਂ ਗੁਰੂ ਰਵਿਦਾਸ ਜੀ ਦੇ ਮਹਾਨ ਕਾਰਜ ਦੀ ਕਦਰ ਕਰਦੇ ਹੋਏ ਉਹਨਾਂ ਨੂੰ ਯਾਦ ਕਰੀਏ। ਉਹਨਾਂ ਦਾ ਪ੍ਰਕਾਸ਼ ਉਤਸਵ ਧੂਮਧਾਮ ਨਾਲ ਮਨਾਈਏ। ਉਨ੍ਹਾਂ ਦੇ ਕਹਿਣ ਮੁਤਾਬਕ ਵੈਰ-ਵਿਰੋਧ ਨੂੰ ਖਤਮ ਕਰਕੇ ਸਭ ਨੂੰ ਗਲ ਨਾਲ ਲਾਈਏ।

ਜੇ ਅਸੀਂ ਹੁਣ ਵੀ ਇਕੱਠੇ ਹੋ ਕੇ ਉਹਨਾਂ ਦੀ ਕਦਰ ਨਾ ਕਰਾਂਗੇ ਤਾਂ ਸਾਡਾ ਫਿਰ ਉਹ ਹੀ ਹਾਲ ਹੋਵੇਗਾ ਜੋ ਸ੍ਰੀ ਗੁਰੂ ਰਵਿਦਾਸ ਜੀ ਤੋਂ ਪਹਿਲਾਂ ਸੀ। ਆਓ ਇਕੱਠੇ ਹੋਈਏ ਅਤੇ ਰਲ ਕੇ ਚੱਲੀਏ।

## ਕੀ ਗੁਰੂ ਰਵਿਦਾਸ ਜੀ ਨੇ ਸਾਡੀ ਕੌਮ ਨੂੰ ਕੋਈ ਸਰਾਪ ਦਿੱਤਾ ਹੈ ?

ਸਾਨੂੰ ਕੁਝ ਪੱਤਰ ਮਿਲੇ ਹਨ ਜਿਨ੍ਹਾਂ ਵਿਚ ਇਹ ਪੁੱਛਿਆ ਗਿਆ ਹੈ ਕਿ

ਕੁਝ ਲੋਕ ਕਹਿੰਦੇ ਹਨ ਕਿ ਗੁਰੂ ਰਵਿਦਾਸ ਜੀ ਨੇ ਆਪਣੀ ਕੌਮ ਨੂੰ ਇਹ ਸਰਾਪ ਦਿੱਤਾ ਹੈ ਕਿ ਉਹ ਕਦੇ ਵੀ ਇਕੱਠੇ ਨਹੀਂ ਹੋ ਸਕਦੇ। ਕੀ ਇਹ ਠੀਕ ਹੈ?

ਉਪਰੋਕਤ ਗੱਲ ਬਿਲਕੁਲ ਖੋਖਲੀ, ਬੇ-ਬੁਨਿਆਦ ਅਤੇ ਕਿਸੇ ਸ਼ਰਾਰਤੀ ਮਨੂੰਵਾਦੀ ਦਿਮਾਗ ਦੀ ਕਾਢ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਸਾਹਿਬ ਦੀ ਵਿਚਾਰਧਾਰਾ ਵਿਚ ਵਰ ਜਾਂ ਸਰਾਪ ਵਾਸਤੇ ਕੋਈ ਜਗ੍ਹਾ ਨਹੀਂ ਹੈ। ਪ੍ਰਮਾਤਮਾ ਦਾ ਅਸਲ ਭਗਤ ਕਦੇ ਕਿਸੇ ਨੂੰ ਸਰਾਪ ਦੇ ਕੇ ਉਸ ਦਾ ਸ਼ਰੀਕ ਨਹੀਂ ਬਣਦਾ। ਸਰਾਪ ਤਾਂ ਹਿੰਦੂ ਮੱਤ ਦੇ ਦੇਵਤਿਆਂ ਕੋਲ ਹਨ। ਉਨ੍ਹਾਂ ਨੇ ਤਾਂ ਰੈਡੀਮੇਡ ਸਰਾਪ ਰੱਖੇ ਹੋਏ ਹਨ। ਤਾਹੀਓਂ ਤਾਂ ਜਦੋਂ ਕੋਈ ਗੱਲ ਹੁੰਦੀ ਹੈ ਝੱਟ ਸਰਾਪ ਕੱਢ ਕੇ ਮਾਰਦੇ ਹਨ।

ਜਿਸ ਸਤਿਗੁਰੂ ਜੀ ਨੇ ਆਪਣੀ ਕੌਮ ਵਾਸਤੇ ਇੰਨਾ ਕੁਝ ਕੀਤਾ ਹੋਵੇ, ਕੁਰਬਾਨੀਆਂ ਕੀਤੀਆਂ ਹੋਣ, ਤਸੀਹੇ ਝੱਲੇ ਹੋਣ ਉਹ ਭਲਾ ਆਪਣੀ ਕੌਮ ਨੂੰ ਕਿਵੇਂ ਸਰਾਪ ਦੇ ਸਕਦਾ ਹੈ। ਸਤਿਗੁਰੂ ਜੀ ਅੰਤ ਵੇਲੇ ਤੱਕ ਸੰਸਾਰ ਦੀ ਦੱਬੀ ਕੁਚਲੀ ਕੌਮ ਵਾਸਤੇ ਸੰਘਰਸ਼ ਕਰਦੇ ਰਹੇ ਹਨ। ਉਨ੍ਹਾਂ ਨੇ ਭਲਾ ਸਰਾਪ ਕਿਉਂ ਦੇਣਾ ਸੀ? ਸਗੋਂ ਸਤਿਗੁਰੂ ਜੀ ਨੇ ਤਾਂ ਮਨੁੱਖਤਾ ਨੂੰ ਇਕੱਠੇ ਮਿਲ ਕੇ ਰਹਿਣ, ਸਤਿਸੰਗਤ ਕਰਨ ਲਈ ਕਿਹਾ ਹੈ। ਆਪ ਸਾਨੂੰ ਕਲਯੁਗੀ ਜੀਵਾਂ ਨੂੰ ਸਮਝਾਉਂਦੇ ਅਤੇ ਪ੍ਰਭੂ ਪ੍ਰਮਾਤਮਾ ਨੂੰ ਸੰਬੋਧਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਹੇ ਮਾਧੋ! (ਪ੍ਰਭੂ) ਮਿਹਰ ਕਰ, ਮੈਂ ਤੇਰੀ ਸਾਧ-ਸੰਗਤ ਵਿਚ ਇਸ ਤਰ੍ਹਾਂ ਜੁੜਿਆ ਰਹਾਂ ਜਿਵੇਂ ਸ਼ਹਿਦ ਦੀਆਂ ਮੱਖੀਆਂ, ਸ਼ਹਿਦ ਦੇ ਛੱਤੇ ਵਿਚ ਇਕੱਠੀਆਂ ਹੋ ਕੇ ਬੈਠੀਆਂ ਰਹਿੰਦੀਆਂ ਹਨ ਭਾਵ ਸਾਨੂੰ ਇਸ ਤਰ੍ਹਾਂ ਇਕੱਠੇ ਹੋ ਕੇ ਰਹਿਣਾ ਚਾਹੀਦਾ ਹੈ।

**ਸਤ ਸੰਗਤਿ ਮਿਲਿ ਰਹੀਐ ਮਾਧਉ,**

**ਜੈਸੇ ਮਧੁਪ ਮਖੀਰਾ॥** (ਗੁਰੂ ਗ੍ਰੰਥ ਸਾਹਿਬ, ਪੰਨਾ ੪੮੬)

ਸੋ ਸਾਨੂੰ ਮੰਨੂਵਾਦੀ ਚਾਲਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਸਾਨੂੰ ਇਹ ਸੋਚ ਕੇ ਇਕੱਠੇ ਹੋਣੋਂ ਰੁਕ ਨਹੀਂ ਜਾਣਾ ਚਾਹੀਦਾ ਕਿ ਸਾਨੂੰ ਤਾਂ ਸਰਾਪ ਮਿਲਿਆ ਹੈ ਜਿਸ ਕਰਕੇ ਸਾਡੀ ਕੌਮ ਇਕੱਠੀ ਨਹੀਂ ਹੋ ਸਕਦੀ। ਇਹ ਸਰਾਪ ਮੰਨੂਵਾਦੀਆਂ ਦੀ ਇਕ ਚਾਲ ਹੈ ਜਿਨ੍ਹਾਂ ਨੇ ਝੂਠੀ ਹੀ ਫੈਲਾਈ ਹੈ। ਸੋ ਸਾਨੂੰ ਦੇਵੀ ਦੇਵਤਿਆਂ, ਮੜ੍ਹੀਆਂ ਮਸਾਣਾਂ ਅਤੇ ਵਿਸ਼ਨੂੰ ਅਵਤਾਰਾਂ ਦੀ ਪੂਜਾ

ਤਿਆਗ ਕੇ ਗੁਰੂ ਰਵਿਦਾਸ ਜੀ ਦੇ ਦੱਸੇ ਅਨੁਸਾਰ ਕੇਵਲ ਇਕ ਪ੍ਰਮਾਤਮਾ (ਹਰੀ) ਦੀ ਹੀ ਪੂਜਾ ਕਰਨੀ ਚਾਹੀਦੀ ਹੈ ਤਾਂ ਹੀ ਸਾਡੀ ਕੌਮ ਦਾ ਸੁਧਾਰ ਹੋ ਸਕਦਾ ਹੈ। ਜੇਕਰ ਸਾਡਾ ਇਸ਼ਟ ਇਕ ਹੈ ਅਤੇ ਵਿਚਾਰਧਾਰਾ ਇਕ ਹੈ ਤਾਂ ਸਾਨੂੰ ਕੋਈ ਵੀ ਅਲੱਗ ਨਹੀਂ ਕਰ ਸਕਦਾ।

# ਮਹਾਂਵਿਦਵਾਨ ਬਾਪ ਦੀ ਅਨਪੜ੍ਹ ਔਲਾਦ

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਅਸੀਂ ਮਹਾਂ ਵਿਦਵਾਨ ਬਾਪ ਦੀ ਅਨਪੜ੍ਹ ਔਲਾਦ ਹਾਂ, ਕਿਉਂਕਿ ਸਾਡੇ ਬਾਪ ਗੁਰੂ ਰਵਿਦਾਸ ਜੀ ਮਹਾਰਾਜ ਬਹੁਤ ਹੀ ਉੱਚ ਕੋਟੀ ਦੇ ਵਿਦਵਾਨ, ਲਿਖਾਰੀ ਅਤੇ ਆਲੋਚਕ ਸਨ ਪਰ ਅਸੀਂ ਅੱਜ 600 ਸਾਲ ਬੀਤ ਜਾਣ ਮਗਰੋਂ ਵੀ ਅੰਗੂਠਾ ਛਾਪ ਚਲੇ ਆ ਰਹੇ ਹਾਂ। ਸਤਿਗੁਰੂ ਜੀ ਨੇ ਉਸ ਸਮੇਂ ਵਿਚ ਵਿਦਿਆ ਪੜ੍ਹ ਕੇ ਦਿਖਾਈ ਜਿਸ ਸਮੇਂ ਸ਼ੂਦਰਾਂ ਦੀ ਬਹੁਤ ਹੀ ਭੈੜੀ ਦਸ਼ਾ ਸੀ। ਸ਼ੂਦਰਾਂ ਨੂੰ ਪੜ੍ਹਾਈ-ਲਿਖਾਈ ਦਾ ਖ਼ਿਆਲ ਤੱਕ ਆਉਣ ਨਹੀਂ ਦਿੱਤਾ ਜਾਂਦਾ ਸੀ ਪਰ ਜੇਕਰ ਕੋਈ ਪੜ੍ਹਨ-ਪੜ੍ਹਾਉਣ ਦੀ ਗਲਤੀ ਕਰ ਬੈਠਦਾ ਤਾਂ ਉਸ ਨੂੰ ਜਾਨ ਤੋਂ ਹੱਥ ਧੋਣੇ ਪੈਂਦੇ ਸਨ। ਅਜਿਹੇ ਖ਼ਤਰਨਾਕ ਮਾਹੌਲ ਵਿਚ ਸ਼ੂਦਰਾਂ ਵਲੋਂ ਵਿਦਿਆ ਪ੍ਰਾਪਤ ਕਰਨਾ ਅਸੰਭਵ ਸੀ ਪਰ ਅੱਜ ਅਸੀਂ ਗੁਰੂ ਸਾਹਿਬ ਦੀਆਂ ਕੁਰਬਾਨੀਆਂ ਅਤੇ ਬਖਸ਼ਿਸ਼ਾਂ ਸਦਕਾ ਪੜ੍ਹ ਲਿਖ ਸਕਦੇ ਹਾਂ। ਗੱਲ ਕੀ ਸਭ ਕੁਝ ਕਰ ਸਕਦੇ ਹਾਂ ਜੋ ਅਖੌਤੀ ਸਵਰਨ ਜਾਤੀਆਂ ਦੇ ਲੋਕ ਕਰਦੇ ਹਨ ਪਰ ਫਿਰ ਵੀ ਅਸੀਂ ਅਨਪੜ੍ਹ ਹੀ ਹਾਂ।

ਸੋਚਣ ਦੀ ਗੱਲ ਹੈ ਕਿ ਸਤਿਗੁਰ ਜੀ ਨੂੰ ਜੀਵ ਵਿਗਿਆਨ ਦਾ ਕਿੰਨਾ ਗਿਆਨ ਹੋਵੇਗਾ ਜਿਨ੍ਹਾਂ ਨੇ ਜੀਵ ਦੇ ਨਾਸ਼ ਹੋਣ ਦਾ ਕਾਰਨ ਉਨ੍ਹਾਂ ਦੇ ਐਬ ਦੱਸੇ ਹਨ। ਆਪ ਆਸਾ ਬਾਣੀ ਵਿਚ ਫੁਰਮਾਉਂਦੇ ਹਨ—

**ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ, ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ॥**

(ਗੁਰੂ ਗ੍ਰੰਥ ਸਾਹਿਬ, ਪੰਨਾ ੪੮੬)

ਭਾਵ ਮ੍ਰਿਗ (ਹਰਨ) ਨੂੰ ਘੰਡੇਹੇੜੇ ਦਾ ਨਾਦ ਸੁਨਣ ਦਾ ਚਸਕਾ, ਮੀਨ (ਮੱਛੀ) ਨੂੰ ਜੀਭ ਦਾ ਚਸਕਾ, ਭ੍ਰਿੰਗ (ਭੌਰੇ) ਨੂੰ ਫੁੱਲ ਸੁੰਘਣ ਦੀ ਬਾਣ, ਪਤੰਗੇ ਦਾ ਲੋਅ ਉਪਰ ਸੜ ਮਰਨਾ, ਅੱਖਾਂ ਨਾਲ ਦੇਖਣ ਦਾ ਚਸਕਾ ਅਤੇ ਹਾਥੀ

ਨੂੰ ਕਾਮ ਵਾਸ਼ਨਾ, ਪਰ ਇਸ ਮਨੁੱਖ ਵਿਚ ਇਹ ਪੰਜੇ ਅਸਾਧ (ਵੱਸ ਵਿਚ ਨਾ ਆ ਸਕਣ ਵਾਲੇ) ਹਨ, ਇਸ ਦੇ ਸੁਧਰਣ ਦੀ ਕਦ ਤੱਕ ਆਸ ਹੋ ਸਕਦੀ ਹੈ।

ਸਤਿਗੁਰ ਜੀ ਨੇ ਇਤਨੇ ਵੱਡੇ ਵਿਦਵਾਨ, ਕ੍ਰਾਂਤੀਕਾਰੀ, ਸਮਾਜ ਸੁਧਾਰਕ ਪ੍ਰਭੂ ਦੇ ਅਨਿਨ ਭਗਤ ਤੇ ਸੂਰਵੀਰ ਹੁੰਦਿਆਂ ਹੋਇਆਂ ਆਪਣੀ ਜਾਤ ਨਹੀਂ ਲੁਕਾਈ ਸਗੋਂ ਜਾਤਪਾਤ ਦਾ ਖੰਡਨ ਕਰਨ ਲਈ ਗੁਰਬਾਣੀ ਵਿਚ ਥਾਂ-ਥਾਂ 'ਤੇ ਆਪਣੇ ਆਪ ਨੂੰ ਚਮਾਰ ਆਖਿਆ ਹੈ ਪਰ ਅਸੀਂ ਦੋ ਚਾਰ ਜਮਾਤਾਂ ਪੜ੍ਹ ਕੇ ਆਪਣੇ ਆਪ ਨੂੰ ਚਮਾਰ ਸਮਝਣ ਵਿਚ ਸ਼ਰਮ ਮਹਿਸੂਸ ਕਰਦੇ ਹਾਂ।

ਪਿਛਲੇ 15-20 ਸਾਲਾਂ ਵਿਚ ਸਾਡੀ ਕੌਮ ਨੇ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਿਚ ਕਾਫੀ ਦਿਲਚਸਪੀ ਦਿਖਾਈ ਸੀ ਪਰ ਇਹ ਹੁਣ ਖਤਮ ਹੁੰਦੀ ਲਗਦੀ ਹੈ ਕਿਉਂਕਿ ਅਸੀਂ ਸੋਚਦੇ ਹਾਂ ਕਿ ਪੜ੍ਹਾਈ ਲਿਖਾਈ ਕੇਵਲ ਨੌਕਰੀ ਵਾਸਤੇ ਹੀ ਹੈ। ਆਮ ਹੀ ਕਹਿੰਦੇ ਸੁਣਿਆ ਹੈ ਕਿ ਮੁੰਡੇ ਨੂੰ 8-10 ਪੜ੍ਹਾ ਕੇ ਕਿਸੇ ਕੰਮ 'ਤੇ ਲਾਓ। ਕਿਹੜਾ ਨੌਕਰੀ ਮਿਲਣੀ ਆ।

ਅਸੀਂ ਇਹ ਨਹੀਂ ਸੋਚਦੇ ਕਿ ਅਗਾਂਹ ਕੰਪੀਟੀਸ਼ਨ (ਮੁਕਾਬਲੇ) ਦਾ ਜ਼ਮਾਨਾ ਆ ਰਿਹਾ ਹੈ। ਸਾਡਾ 8-10 ਪੜ੍ਹਿਆ ਬੱਚਾ ਕੀ ਕਰੇਗਾ ? ਵਿਦਿਆ ਮਨੁੱਖ ਨੂੰ ਜੀਵਨ ਵਿਚ ਵਿਚਰਨ ਦਾ ਢੰਗ ਸਿਖਾਉਂਦੀ ਹੈ। ਪੜ੍ਹਿਆ-ਲਿਖਿਆ ਮਨੁੱਖ ਚੁਸਤ ਹੁੰਦਾ ਹੈ, ਚੰਗਾ ਪੜ੍ਹਿਆ ਲਿਖਿਆ ਕੋਈ ਆਪਣਾ ਰੁਜ਼ਗਾਰ ਚਲਾ ਸਕਦਾ ਹੈ ਪਰ 8-10 ਪੜ੍ਹਿਆ ਸਿਰਫ ਦਿਹਾੜੀ ਹੀ ਕਰ ਸਕਦਾ ਹੈ। ਜੇਕਰ ਸਾਡੀ ਕੌਮ ਇਹੀ ਸੋਚਦੀ ਰਹੀ ਕਿ ਬੱਚਿਆਂ ਨੂੰ ਪੜ੍ਹਾਉਣ ਦਾ ਕੀ ਫਾਇਦਾ ਕਿਹੜਾ ਨੌਕਰੀ ਮਿਲਣੀ ਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਦੁਬਾਰਾ ਫਿਰ ਪੜ੍ਹੇ-ਲਿਖੇ ਮੰਨੂੰਵਾਦੀਆਂ ਦੇ ਹੱਥ-ਠੋਕੇ ਬਣ ਜਾਵਾਂਗੇ ਅਤੇ ਪੜ੍ਹੇ ਲਿਖੇ ਬਾਪ ਦੀ ਅਨਪੜ੍ਹ ਔਲਾਦ ਅਖਵਾਂਵਾਂਗੇ।

ਇਸ ਲਈ ਐ ਦਲਿਤੋ ਖਬਰਦਾਰ ! ਕਿਉਂਕਿ ਆਉਂਦੇ ਸਮੇਂ ਵਿਚ ਦੇਸ਼ ਦੀ ਵਾਗਡੋਰ M.A., L.L.B. ਅਤੇ Ph.D. ਪੜ੍ਹੇ ਲਿਖਿਆਂ ਨੇ ਸੰਭਾਲਣੀ ਹੈ, ਕਿਸੇ 8-10 ਪੜ੍ਹੇ ਲਿਖੇ ਨੇ ਨਹੀਂ। ਆਪਣੇ ਬੱਚਿਆਂ ਨੂੰ ਜਿੰਨੀ ਉੱਚ ਕੋਟੀ ਦੀ ਤਾਲੀਮ ਦਿਵਾ ਸਕਦੇ ਹੋ,. ਦਿਵਾਉ।

❑❑❑

# ਯਾਦ ਰੱਖਣ ਯੋਗ ਗੱਲਾਂ

1. ਗੁਰੂ ਰਵਿਦਾਸ ਜੀ ਦੇ 40 ਸ਼ਬਦ ਤੇ ਇਕ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

2. ਗੁਰੂ ਸਾਹਿਬ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ ਹੈ।

3. ਗੁਰੂ ਸਾਹਿਬ ਦੀ ਪਤਨੀ ਦਾ ਨਾਮ ਲੂਣਾ ਤੇ ਪੁੱਤਰ ਦਾ ਨਾਮ ਵਿਜੇਦਾਸ ਸੀ।

4. ਗੁਰੂ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਵਰਤ ਰੱਖਣੇ, ਸਰਾਧ ਕਰਨੇ, ਧੂਪ ਧੁਖਾਉਣੇ, ਦੀਵੇ ਜਗਾਉਣੇ, ਜਠੇਰਿਆਂ ਦੀ ਪੂਜਾ, ਚੰਗੇ ਮਾੜੇ ਦਿਨਾਂ ਦੀ ਵਿਚਾਰ, ਮੜੀਆਂ ਮਸਾਣਾਂ ਦੀ ਪੂਜਾ ਆਦਿ ਸਭ ਵਿਅਰਥ ਕਰਮ-ਕਾਂਡ ਹਨ। ਕੇਵਲ ਸ਼ਬਦ ਦੀ ਕਮਾਈ ਸੱਚੀ ਹੈ।

**ਕਮਲਜੀਤ**

**(ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ)**

**ਪਿੰਡ ਤੇ ਡਾ: ਬਿਨਪਾਲਕੇ, ਜਿਲ੍ਹਾ ਜਲੰਧਰ-144 201.**

**ਪਿਆਰੀ ਸਾਧ ਸੰਗਤ ਜੀ,**

ਜੇ ਇਹ ਟ੍ਰੈਕਟ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਵੰਡਣਾ ਚਾਹੁੰਦੇ ਹੋ ਤਾਂ ਇਹ ਲਾਗਤ ਮੁੱਲ ਤੋਂ ਅੱਧੀ ਕੀਮਤ ਉੱਤੇ (50 ਰੁਪਏ ਸੈਂਕੜਾ) ਸਾਡੇ ਪਾਸੋਂ ਮਿਲ ਸਕਦੇ ਹਨ। ਇਸ ਬਾਰੇ ਉਪਰੋਕਤ ਪਤੇ ਉੱਤੇ ਪਹਿਲੋਂ ਚਿੱਠੀ ਪੱਤਰ ਕਰੋ ਜਾਂ ਮਨੀਆਰਡਰ ਭੇਜੋ। ਡਾਕ ਖਰਚ ਸੁਸਾਇਟੀ ਕਰੇਗੀ।

ਨੋਟ : (1) ਜੇਕਰ ਕੋਈ ਗੁਰਮੁਖ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਬਾਣੀ ਬਾਰੇ ਕੋਈ ਪ੍ਰਸ਼ਨ ਪੁੱਛਣਾ ਚਾਹੇ ਤਾਂ ਉਪਰੋਕਤ ਪਤੇ ਉੱਤੇ ਪੱਤਰ ਲਿਖੋ।

(2) ਇਸ ਟ੍ਰੈਕਟ ਦੀਆਂ ਕੁਝ ਕਾਪੀਆਂ 28 ਫਰਵਰੀ, 1998 ਤੱਕ 25 ਪੈਸੇ ਦੇ ਪੋਸਟ ਕਾਰਡ 'ਤੇ ਆਪਣਾ ਪੂਰਾ ਪਤਾ ਲਿਖ ਕੇ ਭੇਜਣ 'ਤੇ ਮੁਫ਼ਤ ਮੰਗਵਾਉ। ਡਾਕ-ਖਰਚ ਸਾਡੀ ਸੰਸਥਾ ਦਾ ਆਪਣਾ ਹੋਵੇਗਾ।

Laser Graphics : Surjit Computers, 5, Manjit Nagar, Basti Sheikh, Jal. Ph. 203346
Printed at : Cento Printers, Jalandhar.